ਨਿਊਜ਼ ਰਿਲੀਜ਼

# ਐਲਬਰਟਾ ਨਿਵਾਸੀਆਂ ਲਈ ਭੋਜਨ ਸਕਿਊਰਿਟੀ ਨੂੰ ਵਧਾਉਣਾ

06 ਨਵੰਬਰ 2023, ਮੀਡੀਆ ਇਨਕੁਆਰੀਆਂ

## ਐਲਬਰਟਾ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਕਾਰਵਾਈ ਕਰ ਰਹੀ ਹੈ ਕਿ ਲੋੜਵੰਦ ਐਲਬਰਟਾ ਨਿਵਾਸੀਆਂ ਦੀ ਵਧੀਆ ਅਤੇ ਪੌਸ਼ਟਿਕ ਭੋਜਨ ਤੱਕ ਪਹੁੰਚ ਹੋਵੇ।

ਜਦੋਂ ਕਿ ਗਰੌਸਰੀਆਂ ਦੀਆਂ ਕੀਮਤਾਂ ਕਈ ਸਾਰੇ ਲੋਕਾਂ ਲਈ ਚੁਣੌਤੀ ਬਣਨਾਂ ਜਾਰੀ ਰੱਖ ਰਹੀਆਂ ਹਨ, ਐਲਬਰਟਾ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਫੂਡ ਬੈਂਕਾਂ ਕੋਲ ਐਲਬਰਟਾ ਨਿਵਾਸੀਆਂ ਦੀ ਮਦਦ ਕਰਨ ਲਈ ਸਰੋਤ ਮੌਜੂਦ ਹੋਣ। ਐਲਬਰਟਾ ਨਿਵਾਸੀਆਂ ਲਈ ਭੋਜਨ ਸਕਿਊਰਿਟੀ/ਪ੍ਰਾਪਤੀ ਨੂੰ ਵਧਾਉਣ ਲਈ ਫੂਡ ਬੈਂਕਾਂ ਅਤੇ ਕਮਿਊਨਿਟੀ ਸੰਸਥਾਵਾਂ ਨੂੰ 10 ਮਿਲੀਅਨ ਡਾਲਰ ਮੁਹੱਈਆ ਕੀਤੇ ਜਾ ਰਹੇ ਹਨ ਤਾਂ ਕਿ ਇਹ ਯਕੀਨੀ ਹੋਵੇ ਕਿ ਸੂਬੇ ਭਰ ਵਿਚ ਐਲਬਰਟਾ ਦੇ ਪਰਿਵਾਰ ਆਪਣੇ ਖਾਣੇ ਦੇ ਮੇਜ਼ਾਂ ਉੱਪਰ ਖਾਣ ਲਈ ਪੌਸ਼ਟਿਕ ਕਿਸਮ ਦਾ ਭੋਜਨ ਧਰ ਸਕਣ। ਇਹ ਫੂਡ ਬੈਂਕਾਂ ਨੂੰ ਕਾਫੀ ਅਤੇ ਲਗਾਤਾਰ ਚਾਲੂ ਕਿਸਮ ਦੀ ਫੰਡਿੰਗ ਦੇਣ ਦੀ ਵਚਨਬਧਤਾ ਦਾ ਇਹ ਇਕ ਭਾਗ ਹੈ, ਜਿਸ ਨਾਲ ਇਹ ਯਕੀਨੀ ਹੋਵੇ ਕਿ ਐਲਬਰਟਾ ਦੇ ਪਰਿਵਾਰ ਆਪਣੇ ਖਾਣੇ ਦੇ ਮੇਜ਼ਾਂ ਉਪਰ ਖਾਣ ਲਈ ਪੌਸ਼ਟਿਕ ਪ੍ਰਕਾਰ ਦਾ ਭੋਜਨ ਧਰ ਸਕਦੇ ਹੋਣ।

"ਕਿਸੇ ਨੂੰ ਵੀ ਇਸ ਕਿਸਮ ਦੇ ਫਿਕਰ 'ਚ ਨਹੀਂ ਛੱਡਿਆ ਜਾਣਾ ਚਾਹੀਦਾ ਕਿ ਉਨ੍ਹਾਂ ਦਾ ਅਗਲਾ ਭੋਜਨ ਕਿੱਥੋਂ ਆਵੇਗਾ। ਇਸ ਫੰਡਿੰਗ ਨਾਲ ਸੂਬੇ ਭਰ ਵਿਚ ਵਧੇਰੇ ਐਲਬਰਟਾ ਨਿਵਾਸੀਆਂ ਦੀ ਉਸ ਭੋਜਨ ਦੀ ਪ੍ਰਾਪਤੀ ਲਈ ਜ਼ਰੂਰੀ ਸਹਾਇਤਾ ਤੱਕ ਪਹੁੰਚ ਹੋਵੇਗੀ, ਜਿਸ ਭੋਜਨ ਦੀ ਉਨ੍ਹਾਂ ਨੂੰ ਲੋੜ ਹੈ। ਨਿਰਬਾਹ ਕਰਨ ਦੇ ਵਧ ਰਹੇ ਖਰਚਿਆਂ ਨੇ ਸੂਬੇ ਭਰ ਵਿਚ ਕਾਫੀ ਸਾਰੀਆਂ ਕਮਿਊਨਿਟੀਆਂ ਉੱਪਰ ਵਾਧੂ ਦਬਾਅ ਪਾ ਦਿੱਤੇ ਹਨ, ਅਤੇ ਸਾਡੀ ਸਰਕਾਰ ਐਲਬਰਟਾ ਨਿਵਾਸੀਆਂ ਦੀ ਮਦਦ ਲਈ ਉਨ੍ਹਾਂ ਦੀ ਪਿੱਠ ਮਗਰ ਖੜੋਣਾ ਜਾਰੀ ਰੱਖੇਗੀ।"

*Jason Nixon, ਮਿਨਿਸਟਰ ਆਫ ਸੀਨੀਅਰਜ਼, ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼*

ਇਸ ਫੰਡਿੰਗ ਰਾਹੀਂ 3.7 ਮਿਲੀਅਨ ਡਾਲਰ ਇਸ ਮਹੀਨੇ ਫੂਡ ਬੈਂਕਾਂ ਨੂੰ ਦਿੱਤਾ ਜਾ ਰਿਹਾ ਹੈ। ਫੂਡ ਬੈਂਕਾਂ ਦੀ ਇਸ ਫੰਡਿੰਗ ਦਾ 900,000 ਡਾਲਰ ਫੈਮਿਲੀ ਐਂਡ ਕਮਿਊਨਿਟੀ ਸੁਪੋਰਟ ਸਰਵਿਸਿਜ਼ ਐਸੋਸੀਏਸ਼ਨ ਆਫ ਐਲਬਰਟਾ ਨੂੰ ਫੂਡ ਬੈਂਕਾਂ ਨੂੰ ਫੂਡ ਸਕਿਊਰਿਟੀ ਗਰਾਂਟਾਂ ਵੰਡਣ ਵਾਸਤੇ ਅਤੇ ਸ਼ੈਲਟਰਾਂ ਨੂੰ ਬੇਘਰੀ ਵਿਚੋਂ ਗੁਜ਼ਰ ਰਹੇ ਲੋਕਾਂ ਨੂੰ ਭੋਜਨ ਪ੍ਰਦਾਨ ਕਰਨ ਵਾਸਤੇ ਪਹਿਲਾਂ ਹੀ ਮੁਹੱਈਆ ਕੀਤਾ ਜਾ ਚੁੱਕਾ ਹੈ। 4.1 ਮਿਲੀਅਨ ਡਾਲਰ ਫੂਡ ਸਕਿਊਰਿਟੀ ਗਰਾਂਟਾਂ ਰਾਹੀਂ ਦਿੱਤਾ ਜਾਵੇਗਾ। ਸੰਸਥਾਵਾਂ, ਜਿਹੜੀਆਂ ਫੂਡ ਸਕਿਊਰਿਟੀ ਨੂੰ ਬੜ੍ਹਾਵਾ ਦਿੰਦੀਆਂ ਹਨ, ਵਾਸਤੇ ਅਰਜ਼ੀਆਂ ਇਸ ਮਹੀਨੇ ਖੁੱਲ੍ਹ ਜਾਣਗੀਆਂ, ਜਿੰਨਾਂ

‘ਚ ਉਹ ਛੋਟੀਆਂ ਸੰਸਥਾਵਾਂ ਵੀ ਸ਼ਾਮਲ ਹੋਣਗੀਆਂ ਜਿਹੜੀਆਂ ਸੱਭਿਆਚਾਰਕ ਦੇ ਹਿਸਾਬ ਨਾਲ ਢੁਕਵਾਂ ਭੋਜਨ ਮੁਹੱਈਆ ਕਰਾਉਂਦੀਆਂ ਹਨ। ਫੂਡ ਬੈਂਕਸ ਐਲਬਰਟਾ ਵੀ ਸੰਕਟਕਾਲੀ ਜ਼ਰੂਰਤਾਂ, ਜਿਵੇਂ ਕੁਦਰਤੀ ਆਫਤਾਂ ਦੌਰਾਨ ਫੂਡ ਬੈਂਕਾਂ ਅਤੇ ਸਬੰਧਤ ਆਪਰੇਟਰਾਂ ਦੀਆਂ ਜ਼ਰੂਰਤਾਂ ‘ਚ ਤਾਲਮੇਲ ਬਣਾਉਣ ਵਾਸਤੇ ਇਕ ਪ੍ਰੋਗਰਾਮ ਵਿਕਸਤ ਕਰਨ ਲਈ 2.2 ਮਿਲੀਅਨ ਡਾਲਰ ਪ੍ਰਾਪਤ ਕਰੇਗਾ।

“ਐਲਬਰਟਾ ‘ਚ ਫੂਡ ਬੈਂਕ ਉਸ ਆਦਰਸ਼ ਨੂੰ ਮੂਰਤੀਮਾਨ ਕਰਦੇ ਹਨ ਕਿ ਤੁਹਾਨੂੰ ਜੋ ਕੁਝ ਦਿੱਤਾ ਜਾਂਦਾ ਹੈ, ਉਸ ਤੋਂ ਵੱਧ ਤੋਂ ਵੱਧ ਫਾਇਦਾ ਲਿਆ ਜਾਵੇ। ਆਮ ਐਲਬਰਟਾ ਨਿਵਾਸੀਆਂ ਦੀ ਖੁੱਲ੍ਹਦਿਲੀ ਰਾਹੀਂ ਅਤੇ ਆਪਣੀ ਸਰਕਾਰ ਦੀ ਮਦਦ ਰਾਹੀਂ ਅਸੀਂ ਧਿਆਨ ਕਰਨ, ਹਮਦਰਦੀ, ਨਿਪੁੰਨਤਾ ਅਤੇ ਪ੍ਰਭਾਵਸ਼ੀਲਤਾ ਸਹਿਤ ਆਪਣੀ ਕਮਿਊਨਿਟੀਆਂ ਵਿਚ ਭੋਜਨ ਦੀ ਅਣਪ੍ਰਾਪਤੀ/ਅਣਸੁਰੱਖਿਆ ਨਾਲ ਨਿਪਟਣ ਵਾਸਤੇ ਇਹ ਕੰਮ ਕਰਨਾਂ ਜਾਰੀ ਰੱਖ ਸਕਦੇ ਹਾਂ ਜਿਸਦੇ ਕਰਨ ਦੀ ਲੋੜ ਹੈ।”

*Shawna Bissell, ਐਗਜ਼ੈਕੁਟਿਵ ਡਾਇਰੈਕਟਰ, ਫੂਡ ਬੈਂਕਸ ਐਲਬਰਟਾ*

“ਜਿਵੇਂ ਕਿ ਕ੍ਰਿਸਮਸਦੀ ਰੁੱਤ ਨੇੜੇ ਆਈ ਹੋਈ ਹੈ, ਐਡਮੰਟਨ ਫੂਡ ਬੈਂਕ ਐਲਬਰਟਾ ਸਰਕਾਰ ਵੱਲੋਂ ਸਾਲ ਦੇ ਇਸ ਗੰਭੀਰ ਸਮੇਂ ‘ਤੇ ਆਪਣੇ ਆਂਢੀਆਂ-ਗੁਆਂਢੀਆਂ ਨੂੰ ਭੋਜਨ ਖੁਆਉਣ ਲਈ ਦਿੱਤੀ ਗਈ ਸਹਾਇਤਾ ਦੀ ਸਹਾਰਨਾਂ ਕਰਦਾ ਹੈ। ਅਸੀਂ ਕੈਨ ਕੈਨ ਕਰਕੇ ਅਤੇ ਡਾਲਰ ਡਾਲਰ ਕਰਕੇ ਆਪਣਾ ਕੰਮ ਕਰਦੇ ਹਾਂ ਅਤੇ ਸਾਡੀ ਤਿਉਹਾਰੀ ਅਤੇ ਕ੍ਰਿਸਮਸ ਮੁਹਿੰਮ ਵਾਸਤੇ ਸਾਨੂੰ ਤਕਰੀਬਨ 4 ਮਿਲੀਅਨ ਡਾਲਰ ਅਤੇ 300,000 ਕਿਲੋਗ੍ਰਾਮ ਭੋਜਨ ਆਪਣੀ ਕਮਿਊਨਿਟੀ ਦੀ ਸੇਵਾ ਕਰਨ ਵਾਸਤੇ ਇਕੱਠਾ ਕਰਨ ਦੀ ਲੋੜ ਹੈ।”

*Marjorie Bencz, ਐਗਜ਼ੈਕੁਟਿਵ ਡਾਇਰੈਕਟਰ, ਐਡਮੰਟਨ'ਜ਼ ਫੂਡ ਬੈਂਕ*

“ ਆਪਣੇ ਕਲਾਇੰਟਾਂ ਅਤੇ ਕਮਿਊਨਿਟੀ ਵੱਲੋਂ ਸੂਬਾਈ ਸਰਕਾਰ ਦੀ ਸਾਡੇ ਸੈਕਟਰ ਨੂੰ ਚਾਲੂ ਰਹਿਣ ਵਾਲੀ ਵਿੱਤੀ ਸਹਾਇਤਾ ਦੇਣ ਵਾਸਤੇ ਅਸੀਂ ਉਸਦੇ ਸ਼ੁਕਰਗੁਜ਼ਾਰ ਹਾਂ, ਜਦ ਕਿ ਅਸੀਂ ਵਧ ਰਹੀ ਭੋਜਨ ਅਣਸੁਰੱਖਿਆ ਨਾਲ ਨਿਪਟ ਰਹੇ ਹਾਂ। ਜਿਵੇਂ ਕਿ ਪਿਛਲੇ ਸਾਲ ਤੋਂ ਲੈ ਕੇ ਅਸੀਂ ਭੋਜਨ ਦੀ ਮੰਗ ਵਿਚ ਹੋਏ 30 ਪ੍ਰਤਿਸ਼ਤ ਵਾਧੇ ਨਾਲ ਨਜਿੱਠਿਆ ਹੈ, ਇਹ ਵਧੀਕ ਫੰਡਿੰਗ ਸਾਨੂੰ ਆਪਣੇ ਆਂਢੀਆਂ-ਗੁਆਂਢੀਆਂ, ਸਮੇਤ ਨਵੇਂ ਆਉਣ ਵਾਲਿਆਂ, ਵਿਅਕਤੀਆਂ ਜਾਂ ਪਰਿਵਾਰਾਂ ਦੀ ਮਦਦ ਲਈ ਹਾਜ਼ਰ ਹੋਣ ਦੇ ਯੋਗ ਬਣਾਵੇਗੀ ਜਿਹੜੇ ਪਹਿਲੀ ਵਾਰ ਫੂਡ ਬੈਂਕ ਤੱਕ ਪਹੁੰਚ ਕਰ ਰਹੇ ਹਨ। ਅਸੀਂ ਆਪਣੇ ਸੈਕਟਰ ਦੇ ਸਹਿਕਰਮੀਆਂ, ਆਪਣੀ ਕਮਿਊਨਿਟੀ ਅਤੇ ਸੂਬਾਈ ਸਰਕਾਰ ਨਾਲ ਸਹਿਯੋਗੀ ਰੂਪ ‘ਚ ਕੰਮ ਕਰਨਾਂ ਜਾਰੀ ਰੱਖਾਂਗੇ ਤਾਂ ਕਿ ਅਸੀਂ ਹਰੇਕ ਉਸ ਐਲਬਰਟਾ ਨਿਵਾਸੀ ਦੀ ਮਦਦ ਕਰ ਸਕੀਏ, ਜਿਸਨੂੰ ਸਾਡੀ ਲੋੜ ਹੈ।”

*Melissa From, ਪ੍ਰੈਜ਼ੀਡੈਂਟ ਐਂਡ ਸੀ ਈ ਓ, ਕੈਲਗਰੀ ਫੂਡ ਬੈਂਕ*

## ਫੌਰੀ ਤੱਥ

- ਪੂਰੇ ਐਲਬਰਟਾ ਭਰ ਵਿੱਚ ਫੂਡ ਬੈਂਕਾਂ ਅਤੇ ਭੋਜਨ ਸੁਰੱਖਿਆ 'ਚ ਸਹਾਇਤਾ ਕਰਨ ਵਾਲੀਆਂ ਸੰਸਥਾਵਾਂ ਲਈ $26 ਮਿਲੀਅਨ ਅਲਾਟ ਕੀਤੇ ਗਏ ਹਨ:

- 2020-2021 - 6 ਮਿਲੀਅਨ ਡਾਲਰ
- 2022 - 10 ਮਿਲੀਅਨ ਡਾਲਰ
- 2023 - 10 ਮਿਲੀਅਨ ਡਾਲਰ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ

## ਮੀਡੀਆ ਇਨਕੁਆਰੀਆਂ


### Heather Barlow

780-245-0421
ਪ੍ਰੈੱਸ ਸੈਕਰੇਟਰੀ, ਸੀਨੀਅਰਜ਼, ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼